9

# ਯਿਸੂ ਦਾ ਰੂਹਾਨੀ ਪਹਿਲੂ

ਯਿਸੂ ਦੇ ਮਨੁੱਖ ਹੋਣ ਦੀ ਸਮੀਖਿਆ ਕਰਦਿਆਂ, ਲਗਦਾ ਹੈ ਕਿ ਅਸਲ 'ਚ ਸਾਨੂੰ ਉਹ ਤਰੀਕਾ ਲੱਭਣਾ ਚਾਹੀਦਾ ਹੈ ਜਿਸ ਵਿਚ ਉਹ ਸਾਡੇ ਵਰਗਾ ਸੀ। ਪਰ ਚੁਨੌਤੀ ਇਹਦੇ ਉਲਟ ਹੈ। ਸਾਨੂੰ ਇਕ ਮਨੁੱਖੀ ਜੀਵ ਦੇ ਰੂਪ ਵਿਚ ਉਹਦੇ ਜੀਵਨ ਦੇ ਬਰਾਬਰ ਹੋਣ ਲਈ ਕੋਸ਼ਿਸ਼ ਕਰਨ ਦੇ ਢੰਗ ਲੱਭਣੇ ਚਾਹੀਦੇ ਹਨ। ਇਹ ਸਾਫ਼ ਹੈ ਕਿ ਇਸਦੀ ਬਹੁਤ ਲੋੜ ਹੈ। ਮੱਤੀ 5 ਅਧਿਆਇ ਵਿਚ ਮੁਬਾਰਕਬਾਦੀਆਂ ਪੜ੍ਹਨ 'ਤੇ ਸਾਨੂੰ ਇਸਦਾ ਅਹਿਸਾਸ ਹੁੰਦਾ ਹੈ। ਇਕ ਪੇਚੀਦਾ ਕਾਰਕ ਸਾਡਾ ਕੰਮ ਹੋਰ ਔਖਾ ਕਰ ਸਕਦਾ ਹੈ। ਹੋ ਸਕਦਾ ਹੈ ਕਿ ਸਾਨੂੰ ਆਪਣੇ ਹੀ ਮਨੁੱਖ ਹੋਣ ਦਾ ਭਰੋਸਾ ਨਾ ਹੋਵੇ। ਉਦਾਹਰਣ ਲਈ, ਅਸੀਂ ਰੂਹ ਅਤੇ ਜਾਨ ਨੂੰ ਕਿਵੇਂ ਵੇਖਦੇ ਭਾਵ ਸਮਝਦੇ ਹਾਂ? ਯਿਸੂ ਵਿਚ ਆਤਮਾ ਯਾਨੀ ਰੂਹ ਅਤੇ ਪ੍ਰਾਣ ਯਾਨੀ ਜਾਨ ਦੋਵੇਂ ਸਨ। ਸਾਡੇ ਵਿਚ ਵੀ ਹਨ। ਇਹ ਉਹਦੇ ਅਤੇ ਸਾਡੇ ਮਨੁੱਖ ਹੋਣ ਦੇ ਅਹਿਮ ਹਿੱਸੇ ਹਨ। ਯਿਸੂ ਵਰਗਾ ਬਣਨ ਵਾਲਾ ਮਸੀਹੀ ਆਦਮੀ ਆਪਣੀ ਹੀ ਰੂਹ ਅਤੇ ਜਾਨ ਨੂੰ ਕਿਵੇਂ ਕਾਮਯਾਬੀ ਨਾਲ ਸੰਭਾਲਦਾ ਹੈ? ਸਾਨੂੰ ਮੰਨਣਾ ਪਵੇਗਾ ਕਿ ਇਹ ਸਵਾਲ ਔਖਾ ਹੈ। ਇਕ ਮਨੁੱਖੀ ਜੀਵ ਦੇ ਰੂਪ ਵਿਚ ਅਸੀਂ ਯਿਸੂ ਵਿਚ ਰੂਹ ਅਤੇ ਜਾਨ ਹੋਣ ਦੀ ਅਹਿਮੀਅਤ ਨੂੰ ਕਿਵੇਂ ਵੇਖ ਸਕਦੇ ਹਾਂ?

## ਉਹਦੇ ਰੂਹਾਨੀ ਸੁਭਾਅ ਦੀ ਵਿਆਖਿਆ

ਪਹਿਲਾਂ, ਸਾਨੂੰ ਆਤਮਾ (*pneuma*) ਅਤੇ ਪ੍ਰਾਣ (*psuche*) ਨੂੰ ਅਭੌਤਿਕ ਰੂਪ ਵਿਚ ਸਮਝਿਆ ਜਾਣਾ ਚਾਹੀਦਾ ਹੈ। ਉਸ ਅਰਥ ਵਿਚ ਦੋਵੇਂ ਹੀ ''ਰੂਹਾਨੀ'' ਹਨ। ਇਸ ਕਰਕੇ ਆਤਮਾ ਅਤੇ ਪ੍ਰਾਣ ਇੱਕੋ ਤੱਤ ਭਾਵ ਆਤਮਾ ਤੋਂ ਬਣੇ ਹਨ। ਫਿਰ ਅਸੀਂ ਇਨ੍ਹਾਂ ਵਿਚ ਫ਼ਰਕ ਕਿਉਂ ਕਰਦੇ ਹਾਂ? ਇਹ ਫ਼ਰਕ ਕੀ ਹੈ? ਕਈ ਵਾਰ ਇਨ੍ਹਾਂ ਦੋਹਾਂ ਸ਼ਬਦਾਂ ਦੀ ਵਰਤੋਂ ਇਕ-ਦੂਜੇ ਦੀ ਥਾਂ ਹੋਣ ਕਰਕੇ ਫ਼ਰਕ ਕਰਨਾ ਔਖਾ ਹੋ ਜਾਂਦਾ ਹੈ।

ਅਸੀਂ ਵੇਖਦੇ ਹਾਂ ਕਿ ਆਤਮਾ (*pneuma*) ਵਿਚ ਅਸੀਂ ਹਮੇਸ਼ਾ ਜ਼ਿੰਦਾ ਰਹਿੰਦੇ ਹਾਂ। ਲੂਕਾ ਨੇ ਲਿਖਿਆ ਕਿ ਪਹਿਲੇ ਮਸੀਹੀ ਸ਼ਹੀਦ ਇਸਤੀਫ਼ਾਨ ਦੇ ਆਖ਼ਰੀ ਸ਼ਬਦ ਹੀ ਦੁਆ ਸਨ: ''ਹੇ ਮੇਰੇ ਪ੍ਰਭੂ ਯਿਸੂ, ਮੇਰੀ ਆਤਮਾ ਨੂੰ ਆਪਣੇ ਕੋਲ ਲੈ ਲੈ'' (ਰਸੂਲਾਂ ਦੇ ਕੰਮ 7:59)। ਸਲੀਬ 'ਤੇ ਮਰਦੇ ਹੋਏ ਯਿਸੂ ਨੇ ਕਿਹਾ ਸੀ, ''ਹੇ ਪਿਤਾ, ਮੈਂ ਆਪਣੀ ਆਤਮਾ ਤੇਰੇ ਹੱਥੀਂ ਸੌਂਪਦਾ ਹਾਂ'' (ਲੂਕਾ 23:46)। ਉਹ ਜ਼ਬੂਰ 31:5 ਵਿੱਚੋਂ ਦੁਹਰਾ ਰਿਹਾ ਸੀ, ਜਿੱਥੇ ਇਹਦੇ ਨਾਲ ਦਾ ਇਬਰਾਨੀ ਸ਼ਬਦ ਰੁਆਹ (*ruach*) ਮਿਲਦਾ ਹੈ। ਇਹ ਉਦਾਹਰਣਾਂ ਪੁਰਾਣੇ ਅਤੇ ਨਵੇਂ ਦੋਹਾਂ ਨੇਮਾਂ ਦੇ ਵਿਚਾਰਾਂ ਦੀ ਝਲਕ ਦਿੰਦੀਆਂ ਹਨ ਕਿ ''ਆਤਮਾ ਪਰਮੇਸ਼ੁਰ ਦੇ ਕੋਲ ਜਾਵੇ(ਗੀ), ਜਿਸ ਨੇ ਉਸ ਨੂੰ ਬਖ਼ਸ਼ਿਆ ਸੀ'' (ਉਪਦੇਸ਼ਕ ਦੀ ਪੋਥੀ 12:7)। ਫਿਰ ਅਸੀਂ ਵੇਖਦੇ ਹਾਂ ਕਿ ਕਿਸੇ ਦੀ ਆਤਮਾ (*pneuma*) ਨੂੰ ਉੱਪਰ ਚੁੱਕਿਆ ਜਾਂਦਾ ਹੈ ਜੋ ਉਹਦੀ ਹੋਂਦ ਦੀ ਖ਼ਤਮ ਹੋਣ ਵਾਲਾ ਹਿੱਸਾ ਹੈ।

ਦੂਜੇ ਪਾਸੇ, ਪ੍ਰਾਣ (*psuche*) ਹੈ ਅਤੇ ਉਹ ਵੀ ਅਭੌਤਿਕ ਹੈ। ਪਰ ਪ੍ਰਾਣ ਮਨੁੱਖ ਦੇ ਉੱਪਰ ਉਠਾਏ ਜਾਣ ਵਾਲਾ ਸੁਭਾਅ ਨਹੀਂ ਹੈ। ਇਹ ਮਨੁੱਖੀ ਭਾਵਨਾਵਾਂ ਦਾ ਥਾਂ ਜਾਂ ਮਾਧਿਅਮ ਹੈ ਜਿਸਨੂੰ ਅਸੀਂ ਕੁਦਰਤੀ ਜਾਂ ਜਾਨਵਰ ਆਖ ਸਕਦੇ ਹਾਂ। ਯਹੂਦਾ ਨੇ ਉਨ੍ਹਾਂ ਲੋਕਾਂ ਦੀ ਗੱਲ ਨਹੀਂ ਕੀਤੀ ਸੀ ਜੋ ਆਪਣੇ ਵਜੂਦ ਦੇ ਭਾਗ ਜਾਂ ਕੁਦਰਤੀ ਨੂੰ ਪਹਿਲ ਦਿੰਦੇ ਹਨ। ਉਹਨੇ ਕਿਹਾ, ''ਇਹ ਓਹੋ ਹਨ ਜਿਹੜੇ ਧੜੇਬਾਜ਼, ਸਰੀਰਕ ਹਨ ਜਿਨ੍ਹਾਂ ਵਿਚ ਆਤਮਾ ਨਹੀਂ'' (ਯਹੂਦਾ 19)। ਯਹੂਦਾ ਨੇ ਲੋਕਾਂ ਨੂੰ *psuchikoi* ਅਰਥਾਤ ''ਸੁਭਾਵਕ'' ਮਨੁੱਖ ਕਿਹਾ। *psuche* (ਸਯੂਕ) ਸਰੀਰ *ਨਹੀਂ* ਹੈ, ਇਸ ਕਰਕੇ ਇਹਨੂੰ ਇਸ ਗੱਲ ਦੀ ਸਮਝ ਹੈ ਕਿ ਯਹੂਦਾ ਅਤੇ ਨਵੇਂ ਨੇਮ ਦੇ ਹੋਰ ਲੇਖਕਾਂ ਨੇ ਇਸ ਅਭੌਤਿਕ ਸੁਭਾਅ ਦਾ ਸੰਕੇਤ ਦੇਣ ਲਈ ਇਸ ਸ਼ਬਦ ਦੀ ਵਰਤੋਂ ਕੀਤੀ ਜਿਹਨੇ ਸਰੀਰ (*sarx*) ਦੀਆਂ ਇੱਛਾਵਾਂ ਅਤੇ ਲਾਲਸਾਵਾਂ ਅੱਗੇ ਗੋਡੇ ਟੇਕ ਦਿੱਤੇ ਹਨ।

''ਸਰੀਰ'' ਮਨੁੱਖ ਦਾ ਨਾਸਵਾਨ (ਕੁਦਰਤੀ, ਜਾਨਵਰ) ਹਿੱਸਾ ਹੈ, ਇਸ ਕਰਕੇ ਇਸ ਵਿਚ ਹੈਰਾਨੀ ਦੀ ਗੱਲ ਨਹੀਂ ਹੈ ਕਿ ''ਲੜਾਈ'' ਮਨੁੱਖ ਦੇ ਨਾਸਵਾਨ ਅਤੇ ਅਵਿਨਾਸ਼ੀ ਪਹਿਲੂਆਂ ਵਿਚਕਾਰ ਹੈ। ਇਸਦਾ ਮਤਲਬ ਇਹ ਨਹੀਂ ਹੈ ਕਿ ਮਨੁੱਖੀ ਜੀਵਾਂ ਦਾ ਕੁਦਰਤੀ ਹਿੱਸਾ ਆਪਣੇ ਸੁਭਾਅ ਤੋਂ ਬੁਰਾ ਹੈ। ''ਸਰੀਰ ਅਤੇ ਆਤਮਾ ਦਾ ਮੇਲ ਉਦੋਂ ਹੀ ਨਹੀਂ ਹੁੰਦਾ ਜਦ ਸਰੀਰ ਖ਼ੁਦਾ ਵਿਚ ਜੋ ਆਤਮਾ ਹੈ ਭਰੋਸਾ ਰੱਖਣਾ ਭੁੱਲ ਕੇ ਆਪਣੇ ਆਪ ਤੇ ਭਰੋਸਾ ਰੱਖਦਾ ਹੈ, ਯਿਰਮਿਯਾਹ 17:5ਤੋਂ; 2 ਇਤਿਹਾਸ 32:8.''[1]

ਫਿਰ ਸਰੀਰ (*soma*) ਆਉਂਦਾ ਹੈ। ਸਰੀਰ ਰੂਪ ਹੈ। ਬੇਜਾਨ ਚੀਜ਼ਾਂ ਦਾ ਵੀ ਹੁੰਦਾ ਹੈ। ਪੌਲੁਸ ਨੇ ਬੀਆਂ ਦੇ ਸਰੀਰ ਦੀ ਗੱਲ ਕੀਤੀ ਹੈ; ਉਹਨੇ ਧਰਤੀ ਉਤਲੇ ਸਰੀਰਾਂ ਜਿਵੇਂ ਪੰਛੀਆਂ ਦਾ ਵੀ ਜ਼ਿਕਰ ਕੀਤਾ ਹੈ। ਉਹਨੇ ਸੂਰਜ ਅਤੇ ਤਾਰਿਆਂ ਵਰਗੇ ਅਕਾਸ਼ੀ ਸਰੀਰਾਂ ਦੀ ਗੱਲ ਵੀ ਕੀਤੀ (1 ਕੁਰਿੰਥੀਆਂ 15:36-41)। ਇਹ ਗੱਲ ਸਭ ਜੀਉਂਦੇ ਪ੍ਰਾਣੀਆਂ 'ਤੇ ਲਾਗੂ ਹੁੰਦੀ ਹੈ। ਮਿਸਾਲ ਦੇ ਤੌਰ 'ਤੇ ਯਾਕੂਬ ਨੇ ਘੋੜਿਆਂ ਦੇ ਸਰੀਰ ਦੀ ਗੱਲ ਕੀਤੀ ਹੈ (ਯਾਕੂਬ 3:3)।

ਸਾਡੀ ਦਿਲਚਸਪੀ ਇਸ ਗੱਲ ਵਿਚ ਵਧੇਰੇ ਹੈ ਕਿ *ਸੋਮਾ* ਸਾਡੇ ਸਰੀਰਾਂ ਤੇ ਵੀ ਲਾਗੂ ਹੁੰਦਾ ਹੈ। ਸਾਡਾ ਸਰੀਰ ਸਾਡੀ ਸ਼ਖ਼ਸੀਅਤ ਦਾ ਇਜ਼ਹਾਰ ਹੈ। ਇਹ ਹੈਰਾਨੀ ਦੀ ਗੱਲ ਹੈ ਕਿ ਇਕ ਆਦਮੀ ਦੀਆਂ ਉਂਗਲਾਂ ਦੇ ਨਿਸ਼ਾਨ ਦੂਜੇ ਦੇ ਨਿਸ਼ਾਨਾਂ ਨਾਲ ਨਹੀਂ ਰਲਦੇ ਹਨ। ਮਨੁੱਖ ਦੇ ਰੂਪ ਵਿਚ ਸਾਡੀ ਦੇਹ ਸਾਡੀ ਹੋਂਦ ਦਾ ਸਬੂਤ ਹੈ। ਖ਼ੁਦਾ ਦੀ ਰਚਨਾ ਦੇ ਤੌਰ ਤੇ ਅਸੀਂ ਜ਼ਿੰਦਾ ਹਾਂ, ਚੱਲਦੇ ਫਿਰਦੇ ਹਾਂ ਅਤੇ ਦੇਹ ਵਿਚ ਹਾਂ ਜਿਸ ਨਾਲ ਸਾਡਾ ਜਨਮ ਹੋਇਆ ਸੀ। ਸਾਡੀ ਦੇਹ ਭੌਤਿਕ ਹੈ। ਇਸ ਕਰਕੇ ਇਹ ਅਵਿਨਾਸ਼ੀ ਨਹੀਂ ਹੈ। ਪਰ ਧਰਤੀ 'ਤੇ ਰਹਿੰਦਿਆਂ ਉਹ ਅਜਿਹਾ ਹਥਿਆਰ ਹੈ ਜਿਹਦੇ ਰਾਹੀਂ ਅਸੀਂ ਹੋਂਦ ਦੇ ਅਰਥ ਵਿਚ ਆਪਣੇ ''ਹੋਣ'' ਨੂੰ ਵਿਖਾਉਂਦੇ ਹਾਂ।

ਇਹ ਸਭ ਗੱਲਾਂ ਧਿਆਨ 'ਚ ਰੱਖ ਕੇ ਹੋ ਸਕਦਾ ਹੈ ਕਿ ਅਸੀਂ ਥੱਸਲੁਨੀਕੇ ਦੇ ਮਸੀਹੀ ਲੋਕਾਂ ਲਈ ਪੌਲੁਸ ਦੀ ਦੁਆ ਦੀ ਹੋਰ ਵੀ ਤਾਰੀਫ਼ ਕਰ ਸਕੀਏ। ''ਸ਼ਾਂਤੀ ਦਾ ਪਰਮੇਸ਼ੁਰ ਆਪ ਹੀ ਤੁਹਾਨੂੰ ਪੂਰੀ ਤਰ੍ਹਾਂ ਪਵਿੱਤਰ ਕਰੇ; ਅਤੇ ਤੁਹਾਡੀ ਆਤਮਾ [*pneuma*] ਅਤੇ ਪ੍ਰਾਣ [*psuch*e] ਅਤੇ ਦੇਹ [*soma*] ਸਾਡੇ ਪ੍ਰਭੂ ਯਿਸੂ ਦੇ ਆਉਣ ਤਕ ਪੂਰੇ-ਪੂਰੇ ਅਤੇ ਨਿਰਦੋਸ਼ ਸੁਰੱਖਿਅਤ ਰਹਿਣ'' (1 ਥੱਸਲੁਨੀਕੀਆਂ 5:23)। ਇਨ੍ਹਾਂ ਸ਼ਬਦਾਂ ਵਿਚ ਪੌਲੁਸ ਦੁਆ ਮੰਗ ਰਿਹਾ ਸੀ ਕਿ ਉਨ੍ਹਾਂ ਦਾ ਮੁਕੰਮਲ ਰੂਹਾਨੀ, ਅਤੇ ਦੁਨਿਆਵੀ ਸੁਭਾਅ ਖ਼ੁਦਾ ਅੱਗੇ ਬੇਦੋਸ਼ ਰਹੇ।

''ਸਾਡੇ ਮਨੁੱਖੀ ਅੰਗ'' ਚਾਰਟ 'ਤੇ ''ਸਰੀਰ'' (*soma*) ਨਹੀਂ ਹੈ। ਅਜਿਹਾ ਇਸ ਕਰਕੇ ਨਹੀਂ ਹੈ ਕਿਉਂਕਿ ਅਸਲ 'ਚ ਇਹ ''ਉੱਥੇ'' ਨਹੀਂ ਹੈ। ਸਰੀਰ ਸਾਡੇ ਹੋਣ ਦਾ ਰੂਪ ਹੈ।

ਇਹ ਉਹ ਹਥਿਆਰ ਹੈ ਜਿਸ ਵਿਚ ਅਤੇ ਜਿਹਦੇ ਰਾਹੀਂ ਚਾਰਟ ਦੇ ਸਾਰੇ ਅੰਗ ਮਿਲ ਕੇ ਕੰਮ ਕਰਦੇ ਹਨ। ਇਵੇਂ ਅਸੀਂ ਆਪਣੇ ਨਿੱਜੀ ਵਿਅਕਤੀ ਜਾਂ ਸ਼ਖ਼ਸੀਅਤ ਨੂੰ ਵਿਖਾਉਂਦੇ ਹਾਂ।

## ਯਿਸੂ ਦਾ ਰੂਹਾਨੀ ਸੁਭਾਅ ਵਿਖਾਇਆ ਗਿਆ

ਅਸੀਂ ਯਿਸੂ ਦੇ ਮਨੁੱਖ ਹੋਣ ਨੂੰ ਸਮਝਣ ਅਤੇ ਉਹਦੇ ਮਹੱਤਵ ਨੂੰ ਜਾਣਨ ਲਈ ਆਤਮਾ, ਪ੍ਰਾਣ ਅਤੇ ਦੇਹ ਦੇ ਸੰਦਰਭ ਵਿਚ ਆਪਣੇ ਮਨੁੱਖ ਹੋਣ ਤੇ ਵਿਚਾਰ ਕਰ ਰਹੇ ਹਾਂ। ਉਹਦੇ ਮਨੁੱਖ ਹੋਣ ਵਿਚ ਇਹ ਸਭ ਖ਼ੂਬੀਆਂ ਸਨ। ਹੁਣ ਅਸੀਂ ਇਹ ਪੁੱਛਦੇ ਹਾਂ, ''*ਇਕ ਮਨੁੱਖੀ ਜੀਵ* ਦੇ ਰੂਪ ਵਿਚ ਅਸੀਂ ਅਸੀਂ ਉਹਦੇ ਰੂਹਾਨੀ ਸੁਭਾਅ ਨੂੰ ਕਿਵੇਂ ਵਿਖਾਇਆ?''

### ਦੁਆ ਨਾਲ ਭਰੀ ਉਹਦੀ ਜ਼ਿੰਦਗੀ

ਉਹਦੀ ਜ਼ਿੰਦਗੀ ਦੇ ਇਸ ਪੱਖ ਨੂੰ ਅਸੀਂ ਘੱਟੋ-ਘੱਟ ਹੈਰਾਨੀਜਨਕ ਢੰਗਾਂ ਨਾਲ ਵੇਖਦੇ ਹਾਂ। ਪਹਿਲਾਂ, ਅਸੀਂ ਉਹਦੀ ਦੁਆ ਕਰਦਿਆਂ ਰਹਿਣ ਵਾਲੀ ਜ਼ਿੰਦਗੀ 'ਤੇ ਵਿਚਾਰ ਕਰਾਂਗੇ। ਉਹਦੀ ਜ਼ਿੰਦਗੀ ਵਿਸ਼ਵਾਸੀ ਜ਼ਿੰਦਗੀ ਸੀ। ਪਰਮੇਸ਼ੁਰ ਪੁੱਤਰ ਦੇਹ ਧਾਰੀ ਹੋਣ ਤੋਂ ਪਹਿਲਾਂ ਵੀ ਅਤੇ ਬਾਅਦ ਵਿਚ ਵੀ ਖ਼ੁਦਾ ਦਾ ਪੁੱਤਰ ਹੀ ਸੀ। ਫਿਰ ਪਰਮੇਸ਼ੁਰ ਪੁੱਤਰ ਨੇ ਪਰਮੇਸ਼ੁਰ ਪਿਤਾ ਅੱਗੇ ਦੁਆ ਕਿਉਂ ਕੀਤੀ? ਪਰਮੇਸ਼ੁਰ ਪੁੱਤਰ ਮਨੁੱਖ ਵੀ ਸੀ। ਉਹ ਮਨੁੱਖ ਹੋਣ ਵੇਲੇ ਓਨਾ ਹੀ ਮਨੁੱਖ ਸੀ ਜਿੰਨਾ ਖ਼ੁਦਾ ਹੋਣ ਸਮੇਂ ਖ਼ੁਦਾ।

KJV ਅਤੇ RSV ਵਿਚ ਅਸੀਂ ਪੜ੍ਹਦੇ ਹਾਂ ਕਿ ''ਯਿਸੂ ਨੇ [ਆਪਣੇ ਆਪ ਨੂੰ] ਵੱਖ ਕਰ ਕੇ ਜੰਗਲ ਵਿਚ ਦੁਆ ਕੀਤੀ'' (ਲੂਕਾ 5:16)। NIV ਵਿਚ ''ਉਜਾੜਾਂ ਵਿਚ ਜਾਂਦਾ ਅਤੇ ਪ੍ਰਾਰਥਨਾ ਕਰਦਾ ਹੁੰਦਾ ਸੀ'' ਅਨੁਵਾਦ ਕਰਕੇ ਵਰਤਮਾਨ ਕ੍ਰਿਦੰਤ ਅਤੇ ਬਹੁਵਚਨ ਨਾਓਂ ਦੇ ਬੋਧ ਦੀ ਬਾਰ ਬਾਰ ਆਉਣ ਵੱਲ ਧਿਆਨ ਦੁਆਇਆ ਗਿਆ ਹੈ। ਉਹਨੇ ਚੇਲਿਆਂ ਨਾਲ ਮਿਲਣ ਲਈ ਪਾਣੀ ਉੱਤੇ ਚੱਲਣ ਤੋਂ ਪਹਿਲਾਂ ਸ਼ਾਮ ਨੂੰ ਪਹਾੜ 'ਤੇ ਜਾ ਕੇ ਇਕਾਂਤ ਵਿਚ ਦੁਆ ਕੀਤੀ ਸੀ (ਮੱਤੀ 14:23)। ਉਹਨੇ ਕਫ਼ਰਨਾਹੂਮ ਵਿਚ ਮੂੰਹ ਹਨੇਰੇ ਦੁਆ ਕੀਤੀ (ਮਰਕੁਸ 1:35)। ਆਪਣੇ ਰਸੂਲਾਂ ਨੂੰ ਚੁਣਨ ਤੋਂ ਥੋੜ੍ਹੀ ਦੇਰ ਪਹਿਲਾਂ ਉਹ ਰਾਤ ਭਰ ਪਹਾੜ ਉੱਤੇ ਦੁਆ ਕਰਦਾ ਰਿਹਾ ਸੀ (ਲੂਕਾ 6:12)। ਆਪਣੇ ਚੇਲਿਆਂ ਨੂੰ ਇਹ ਪੁੱਛਣ ਤੋਂ ਥੋੜ੍ਹਾ ਪਹਿਲਾਂ ਕਿ ਭੀੜ ਉਹਨੂੰ ਕੀ ਸਮਝਦੀ ਸੀ, ਉਹ ਇਕੱਲਾ ਦੁਆ ਕਰ ਰਿਹਾ ਸੀ (ਲੂਕਾ 9:18)। ਉਹ ਪਹਾੜ 'ਤੇ ਦੁਆ ਕਰਨ ਲਈ ਗਿਆ ਸੀ ਜਿੱਥੇ ਉਹਦਾ ਰੂਪ ਬਦਲ ਗਿਆ ਸੀ (ਲੂਕਾ 9:28, 29)। ਆਪਣੇ ਚੇਲਿਆਂ ਨੂੰ ਦੁਆ ਬਾਰੇ ਸਿਖਾਉ ਤੋਂ ਥੋੜ੍ਹਾ ਪਹਿਲਾਂ ਉਹਨੇ ਇਕਾਂਤ ਵਿਚ ਦੁਆ ਕੀਤੀ ਸੀ (ਲੂਕਾ 11:1)।

ਇੰਜੀਲ ਦੇ ਲੇਖਕਾਂ ਨੇ ਉਨ੍ਹਾਂ ਸਭ ਗੱਲਾਂ ਨੂੰ ਕਿਉਂ ਲਿਖਿਆ? ਸ਼ਾਇਦ ਇਹ ਹਕੀਕਤ ਕਿ ਯਿਸੂ ਅਕਸਰ ਇਕਾਂਤ ਵਿਚ ਦੁਆ ਕਰਦਾ ਸੀ, ਉਹਦੇ ਮਨੁੱਖ ਹੋਣ ਦੀ ਸੱਭ ਤੋਂ ਵੱਡੀ ਗਵਾਹੀ ਹੈ ਜਿਹਦੀ ਅਸੀਂ ਕਦੇ ਕਲਪਨਾ ਵੀ ਨਹੀਂ ਕੀਤੀ ਹੋਵੇਗੀ।

ਸ਼ਾਇਦ ਅਸੀਂ ਆਪਣੇ ਨਿੱਜੀ ਤਜਰਬੇ ਤੋਂ ਜਾਣਦੇ ਹਾਂ ਕਿ ਦੁਆ ਦੇ ਬਗ਼ੈਰ ਆਦਮੀ ਦੀ ਜ਼ਿੰਦਗੀ ਉਜਾੜ ਅਤੇ ਵਿਅਰਥ ਹੋ ਜਾਂਦੀ ਹੈ। ਦੁਆ ਦੀਆਂ ਗੱਲਾਂ ਆਦਮੀ ਦੀ ਲੋੜ ਮੁਤਾਬਕ ਹੁੰਦੀਆਂ ਹਨ। ਦੁਆ ਕਰਨ ਵਾਲੇ ਲੋਕ ਮਸੀਹ ਦੇ ਨਮੂਨੇ ਮੁਤਾਬਕ ਆਪਣੀਆਂ ਜ਼ਿੰਦਗੀਆਂ ਨੂੰ ਬਣਾਉਣ ਵਾਲੇ ਸਭ ਲੋਕਾਂ ਲਈ ਦੁਆ ਸਥਿਰਤਾ ਦਾ ਅਧਾਰ ਹੈ। ਖ਼ੁਦਾ ਤੋਂ ਦੂਰ ਰਹਿ ਕੇ ਅਤੇ

ਬਗ਼ੈਰ ਦੁਆ ਦੇ ਜਿਹਦੇ ਰਾਹੀਂ ਅਸੀਂ ਆਪਣੇ ਪਿਆਰ ਅਤੇ ਭਗਤੀ, ਨਿਰਭਰਤਾ, ਸ਼ੁਕਰਗੁਜ਼ਾਰੀ ਅਤੇ ਬੇਨਤੀਆਂ ਨੂੰ ਲਿਆਉਂਦੇ ਹਨ ਮਨੁੱਖੀ ਜੀਵਨ ਦੀ ਆਸ ਨਹੀਂ ਕੀਤੀ ਜਾ ਸਕਦੀ। ਯਿਸੂ ਆਪਣੇ ਪਿਤਾ ਕੋਲ ਦੁਆ ਲੈ ਕੇ ਜਾਂਦਾ ਰਹਿੰਦਾ ਸੀ। ਉਹ ਸਾਡਾ ਆਦਰਸ਼ ਹੈ।

ਯਿਸੂ ਦੀਆਂ ਦੁਆ ਭਰੀਆਂ ਗੱਲਾਂ ਸੁਣ ਕੇ ਕਿ ਉਹਨੇ ਕੀ ਦੁਆ ਕੀਤੀ ਸੀ, ਸਾਡਾ ਮਨ, ਤਾਰੀਫ਼, ਅਨੰਦ ਅਤੇ ਸ਼ੁਕਰਗੁਜ਼ਾਰੀ ਨਾਲ ਭਰ ਜਾਂਦਾ ਹੈ। ਪਤਰਸ ਲਈ ਯਿਸੂ ਦੇ ਕਥਨ ਨੂੰ ਅਹਿਮੀਅਤ ਦੇਣ ਲਈ ਰੁਕਦੇ ਹਾਂ: ''ਮੈਂ ਤੇਰੇ ਲਈ ਬੇਨਤੀ ਕੀਤੀ ਹੈ ਕਿ ਤੇਰੀ ਨਿਹਚਾ ਜਾਂਦੀ ਨਾ ਰਹੇ'' (ਲੂਕਾ 22:32ੳ)। ਬਾਈਬਲ ਵਿਚ ਭਾਵੇਂ ਇਹ ਇਕ ਨਿਰਾਲੀ ਗੱਲ ਹੈ, ਪਰ ਸਾਨੂੰ ਆਸਵੰਦ ਕਰਨ ਲਈ ਕਾਫ਼ੀ ਹੈ ਕਿ ਯਿਸੂ ਦੀ ਦਿਲਚਸਪੀ ਨਿੱਜੀ ਤੌਰ 'ਤੇ ਤੁਹਾਡੇ ਅਤੇ ਮੇਰੇ ਲਈ ਦੁਆ ਵਿਚ ਬੇਨਤੀ ਕਰਨ ਵਿਚ ਹੈ। ਇਹ ਉਹਦੇ ਮਨੁੱਖ ਹੋਣ ਦਾ ਕਿੰਨਾ ਵੱਡਾ ਇਜ਼ਹਾਰ ਹੈ। ਦੂਜਿਆਂ ਲਈ ਆਪਣੀਆਂ ਦੁਆਵਾਂ ਵਿਚ ਅਸੀਂ ਉਨ੍ਹਾਂ ਦੀਆਂ ਜ਼ਿੰਦਗੀਆਂ ਨੂੰ ਖ਼ੁਦਾ ਦੀ ਕਿਰਪਾ, ਪਿਆਰ, ਮਾਫ਼ੀ ਦੇ ਸ਼ਕਤੀ ਦੇ ਪ੍ਰਬੰਧ ਵਿਚ ਰੱਖਦੇ ਹਾਂ। ਯਿਸੂ ਨੇ ਲੋਕਾਂ ਲਈ ਆਪਣੇ ਪਿਤਾ ਤੋਂ ਓਸੇ ਤਰ੍ਹਾਂ ਦੀ ਦੁਆ ਕੀਤੀ ਸੀ ਜਿਵੇਂ ਅਸੀਂ ਕਰਦੇ ਹਾਂ। ਦੁਆ ਸਚਮੁਚ ਸੱਚੇ ਇਨਸਾਨ ਦੀ ਪਛਾਣ ਹੈ।

ਯੂਹੰਨਾ 17 ਯਿਸੂ ਦੀ ਦੁਆ ਦਾ ਸਭ ਤੋਂ ਵਿਆਪਕ ਰੂਪ ਹੈ ਇਹਦੀ ਵਿਆਪਕਤਾ ਲੰਬਾਈ ਵਿਚ ਹੀ ਨਹੀ, ਬਲਕਿ ਦਾਇਰੇ ਵਿਚ ਵੀ ਹੈ। ਉਹਨੇ ਆਪਣੇ ਲਈ, ਆਪਣੇ ਚੇਲਿਆਂ ਲਈ ਅਤੇ ਉਨ੍ਹਾਂ ਸਭ ਲੋਕਾਂ ਲਈ ਦੁਆ ਕੀਤੀ ਜੋ ਉਹਦਾ ਸੰਦੇਸ਼ ਸੁਣ ਕੇ ਚੇਲੇ ਬਣਨੇ ਸਨ। ਭਲਾ ਉਹ ਸਭ ਵਿਸ਼ਵਾਸੀਆਂ ਲਈ ਦੁਆ ਕਰ ਰਿਹਾ ਸੀ, ਜਿਵੇਂ ਉਹਨੇ ਪਤਰਸ ਲਈ ਕੀਤੀ ਸੀ, ''ਕਿ ਤੇਰੀ [ਸਾਡੀ] ਨਿਹਚਾ ਜਾਂਦੀ ਨਾ ਰਹੇ''? (ਵੇਖੋ ਲੂਕਾ 22:31, 32।) ਭਲਾ ਮਸੀਹ ਵਿਚ ਆਪਣੇ ਸਾਥੀਆਂ ਲਈ ਅਸੀਂ ਇਹੀ ਦੁਆ ਨਹੀਂ ਕਰਦੇ?

ਯਿਸੂ ਦੇ ਦੁਆ ਭਰੀ ਜ਼ਿੰਦਗੀ ਬਾਰੇ ਹੋਰ ਵੀ ਬਹੁਤ ਕੁਝ ਕਿਹਾ ਜਾ ਸਕਦਾ ਹੈ, ਕਿਹਾ ਜਾਣਾ ਚਾਹੀਦਾ ਹੈ ਅਤੇ ਕਿਹਾ ਜਾਵੇਗਾ। ਗਤਸਮਨੀ ਵਿਚ ਅਤੇ ਸਲੀਬ 'ਤੇ ਉਹਦੀਆਂ ਦੁਆਵਾਂ ਕਿਸੇ ਵੀ ਹੋਰ ਗੱਲ ਨਾਲੋਂ ਉਹਦੇ ਮਨੁੱਖ ਹੋਣ ਨੂੰ ਵਧੇਰੇ ਸਪੱਸ਼ਟਤਾ ਨਾਲ ਵਿਖਾਉਂਦੀਆਂ ਹਨ।

## ਕਲਵਰੀ 'ਤੇ ਉਹਦੀ ਮੌਤ

ਟੀਵੀ ਤੇ ਕਿਸੇ ਸਿੱਖਿਆਦਾਇਕ ਪ੍ਰੋਗਰਾਮ ਨੂੰ ਵੇਖਦੇ ਹੋਏ ਯਿਸੂ ਦੇ ਗਤਸਮਨੀ ਦੇ ਅਨੁਭਵ ਨੂੰ ਪੜ੍ਹਨਾ ਅਸਾਨ ਹੈ। ਅਸੀਂ ਮੰਚ-ਸਮੱਗਰੀ 'ਤੇ ਧਿਆਨ ਕਰ ਸਕਦੇ ਹਾਂ। ਅਸੀਂ ਪੇਸ਼ ਕਰਨ ਵਾਲਿਆਂ ਦੀਆਂ ਤਕਨੀਕਾਂ ਦੀ ਤਾਰੀਫ਼ ਕਰ ਸਕਦੇ ਹਾਂ। ਅਸੀਂ ਉਨ੍ਹਾਂ ਦੀ ''ਅਦਾਕਾਰੀ'' ਯੋਗਤਾ ਤੋਂ ਵੀ ਪ੍ਰਭਾਵਿਤ ਹੋ ਸਕਦੇ ਹਾਂ। ਹਾਂ, ਅਸੀਂ ਵੇਖਦੇ ਹਾਂ ਕਿ ਉਸ ਤੋਂ ਸਿੱਖਿਆ ਜਾ ਸਕਦਾ ਹੈ, ਪਰ ਹੋ ਸਕਦਾ ਹੈ ਕਿ ਅਸੀਂ ਉਹਨੂੰ *ਅਸਲ* ਨਾ ਮੰਨੀਏ। ਅਸੀਂ ਸਿਰਫ਼ ਉਹਨੂੰ ਪੇਸ਼ਕਾਰੀ ਦੇ ਰੂਪ ਵਿਚ ਵੇਖਦੇ ਹਾਂ। ਭਲਾ ਯਿਸੂ ਭਾਵ ਉੱਤਮ ਗੁਰੂ, ਗਤਸਮਨੀ ਵਿਚ ਇਕ ਹੋਰ ਸਬਕ ਦੇ ਰਿਹਾ ਸੀ? ਸਾਨੂੰ ਇਹ ਸਿਖਾਉਣ ਦੀ ਕੋਸ਼ਿਸ ਕਰ ਰਿਹਾ ਸੀ ਕਿ ਜੇ ਅਸੀਂ ਆਪਣੀਆਂ ਮੁਸ਼ਕਿਲਾਂ ਨੂੰ ਖ਼ੁਦਾ ਕੋਲ ਲੈ ਜਾਈਏ ਤਾਂ ਉਹ ਸਾਨੂੰ ਅਰਾਮ ਦੇਵੇਗਾ? *ਨਹੀਂ!* ਦੁਆ ਤੋਂ ਪਹਿਲਾਂ, ਯਿਸੂ ਨੇ ਕਿਹਾ ਸੀ, ''ਮੇਰਾ ਜੀ ਬਹੁਤ ਉਦਾਸ ਹੈ, ਸਗੋਂ ਮਰਨ ਦੇ ਦਰਜੇ ਤੀਕ।'' ਦੁਆ ਕਰਦਿਆਂ ਉਹਨੇ ਕਿਹਾ ਸੀ, ''ਹੇ ਮੇਰੇ ਪਿਤਾ ਜੇ ਹੋ ਸਕੇ ਤਾਂ ਇਹ ਪਿਆਲਾ

ਮੈਥੋਂ ਟਲ ਜਾਵੇ।'' ਉਹਨੇ ਐਨੇ ਦੁੱਖ ਨਾਲ ਦੁਆ ਕੀਤੀ ਸੀ ਕਿ ''ਉਹਦਾ ਪਸੀਨਾ ਲਹੂ ਦੀਆਂ ਵੱਡੀਆਂ-ਵੱਡੀਆਂ ਬੂੰਦਾਂ ਵਾਂਗ ਜ਼ਮੀਨ ਤੇ ਡਿੱਗ ਰਿਹਾ ਸੀ।'' ਉਹਨੇ ਇਹ ਵੀ ਦੁਆ ਕੀਤੀ ਸੀ ਕਿ ''ਮੇਰੀ ਨਹੀਂ ਬਲਕਿ ਤੇਰੀ ਇੱਛਾ ਪੂਰੀ ਹੋਵੇ'' (ਮੱਤੀ 26:36-45; ਮਰਕੁਸ 14:32-40; ਲੂਕਾ 22:39-46)।

ਬਾਗ਼ ਵਿਚ ਯਿਸੂ ''ਅਦਾਕਾਰੀ'' ਨਹੀਂ ਕਰ ਰਿਹਾ ਸੀ। ਉਹਦਾ ਦੁੱਖ ਹਕੀਕੀ ਸੀ। ਯਿਸੂ ਲਈ ਆਪਣੀ ਜ਼ਿੰਦਗੀ ਦੇ ਸਭ ਤੋਂ ਔਖੀ ਲੜਾਈ ਉਹ ਅਣਚਾਹੀ ਸਲੀਬ ਸੀ। ਉਹ ਭਲਾਈ ਅਤੇ ਬੁਰਾਈ ਦੀ ਲੜਾਈ ਲੜ ਰਿਹਾ ਸੀ। ਉਹ ''ਨਿੱਜੀ ਹੀਣਤਾ'' ਜਾਂ ਅਣਵਿਹਾਰਕ ਰੂਪ ਵਿਚ ਨਹੀਂ ਸੀ ਲੜ ਰਿਹਾ। ਸ਼ੈਤਾਨ ਸ਼ੈਤਾਨ ਨਾਲ ਇਹ ਮੁਕਾਬਲਾ *ਇਕ ਮਨੁੱਖ ਦੇ ਰੂਪ ਵਿਚ* ਯਿਸੂ ਨਾਂ ਦੇ ਆਦਮੀ ਦਾ ਸੀ! ਪਰਮੇਸ਼ੁਰ ਪਿਤਾ ਨੇ ਛੁਟਕਾਰੇ ਦੀ ਆਪਣੀ ਵੱਡੀ ਯੋਜਨਾ ਮਨੁੱਖ ਯਿਸੂ 'ਤੇ ਕੇਂਦਰਿਤ ਰੱਖੀ ਸੀ। ਭਲਾ ਉਹਨੇ ਆਪਣੀ ਯੋਜਨਾ ਗਤਸਮਨੀ ਵਿਚ ਅਜਾਈਂ ਜਾਣ ਦੇਣੀ ਸੀ? ਭਲਾ ਯਿਸੂ ''ਪਿਆਲੇ'' ਤੋਂ ਭੱਜਣ ਦੀ ਅਜ਼ਮਾਇਸ਼ ਵਿਚ ਫ਼ੇਲ੍ਹ ਹੋ ਜਾਣਾ ਸੀ?

ਇਸ ਨਾਟਕੀ ਵਿਸ਼ੇ 'ਤੇ ਮੁੜ ਵਿਚਾਰ ਕਰਦਿਆਂ ਜਦ ਤਕ ਅਸੀਂ ਔਖੇ ਮਾਨਸਿਕ ਸਵੈ-ਅਨੁਸ਼ਾਸਨ ਦੀ ਕੋਸ਼ਿਸ਼ ਨਹੀਂ ਕਰਦੇ, ਤਦ ਤਕ ਅਸੀਂ ਯਿਸੂ ਦੇ ਦੁੱਖ ਦੇ ਮੂਲ ਕਾਰਣ ਤੋਂ ਭਟਕਦੇ ਹੀ ਰਹਾਂਗੇ। *ਮੂਲ ਵਿਚ* ਤੱਕੜੀ ਵਿਚ ਕੁਝ ਪਿਆ ਹੋਇਆ ਸੀ। ਇਕ ਬਹੁਤ ਵੱਡਾ ਸੰਘਰਸ਼ ਚੱਲ ਰਿਹਾ ਸੀ। ਸ਼ੈਤਾਨ ਉੱਤੇ ਫ਼ਤਹਿ ਪਾਉਣ ਲਈ ਯਿਸੂ ਦੀ ਮਨੁੱਖਤਾ ਖ਼ੁਦਾਈ ਵਿਚ ਨਹੀਂ ਸੀ ਬਦਲੀ। ਖ਼ੁਦਾ ਨੂੰ ਬੁਰਾਈ ਨਾਲ ਪਰਖਿਆ ਨਹੀਂ ਜਾ ਸਕਦਾ (ਯਾਕੂਬ 1:13); ਪਰ ਮਨੁੱਖ ਦੀ ਪਰਖ ਹੋ ਸਕਦੀ ਹੈ। ਯਿਸੂ ਵੀ ਅਜ਼ਮਾਇਆ ਗਿਆ ਸੀ। ਉਹ ਮਨੁੱਖ ਸੀ। ਅਤੇ ਮਨੁੱਖ ਬਣ ਕੇ ਓਸੇ ਤਰ੍ਹਾਂ ਲੜਾਈ ਜਿੱਤਿਆ ਜਿਵੇਂ ਅਸੀਂ ਮਨੁੱਖ ਜਿੱਤਦੇ ਹਾਂ। ਸਾਡੀ ਉਹ ਜਿੱਤ ਪਿਤਾ ਕੋਲ ਸਾਡੀਆਂ ਲਗਾਤਾਰ ਦੁਆਵਾਂ, ਉਹਦੀ ਸ਼ਕਤੀ ਅਤੇ ਅਤੇ ਸਾਨੂੰ ਜ਼ਿੰਦਾ ਰੱਖਣ ਦੀ ਉਹਦੀ ਇੱਛਾ ਵਿਚ ਭਰੋਸਾ ਰੱਖਣ ਦੀ ਇੱਛਾ ਨਾਲ ਹੀ ਹੁੰਦੀ ਹੈ (1 ਕੁਰਿੰਥੀਆਂ 10:13)।

ਯਿਸੂ ਨੇ ਗਤਸਮਨੀ ਵਿਚ ਅਤੇ ਸਲੀਬ ਤੇ *ਸੱਚਮੁਚ ਆਪਣੇ ਮਨੁੱਖ* ਹੋਣ ਨੂੰ ਵਿਖਾਇਆ ਸੀ। ਜੇ ਅਸੀਂ ਉਹਦੇ ਮਨੁੱਖ ਹੋਣ ਨੂੰ ਪਿਆਰਾ ਸਮਝੀਏ ਜਿਵੇਂ ਕਿ ਉਹਦਾ ਪਿਤਾ ਸਮਝਦਾ ਹੈ, ਤਾਂ ਅਸੀਂ ਜ਼ੋਰ ਦੇ ਕੇ ਖ਼ੁਦਾ ਨੂੰ ਲੁੱਟਣ ਦਾ ਕੋਸ਼ਿਸ਼ ਨਹੀਂ ਕਰਾਂਗੇ ਕਿ ਉਹ ਖ਼ੁਦਾ ਹੋਣ ਕਰਕੇ ਫ਼ਤਹਿਮੰਦ ਰਿਹਾ ਸੀ। ਉਹਦੀਆਂ ਦੁਆਵਾਂ ਸੱਚੇ ਦਿਲੋਂ ਸਨ। ਪਿਤਾ ਉਹਦੇ ਨਾਲ ਸੀ, ਉਹਨੇ ਉਹਦੀਆਂ ਦੁਆਵਾਂ ਦਾ ਜਵਾਬ ''ਪਿਆਲਾ'' ਟਾਲ ਕੇ ਨਹੀਂ ਬਲਕਿ ਯਿਸੂ ਨੂੰ ਮਜ਼ਬੂਤ ਕਰਕੇ ਦਿੱਤਾ ਤਾਂ ਜੋ ਉਹ ਪਿਤਾ ਦੀ ਇੱਛਾ ਨੂੰ ਪੂਰਾ ਕਰ ਸਕੇ (ਲੂਕਾ 22:43)। ਇਸ ਕਰਕੇ ਯਿਸੂ ਯਕੀਨ ਨਾਲ ਇਹ ਕਹਿ ਸਕਿਆ ਸੀ, ''ਜੋ ਪਿਆਲਾ ਪਿਤਾ ਨੇ ਮੈਨੂੰ ਦਿੱਤਾ ਹੈ ਕੀ ਮੈਂ ਉਹ ਨੂੰ ਨਾ ਪੀਵਾਂ?'' (ਯੂਹੰਨਾ 18:11ਅ)।

ਉਜਾੜ ਵਿਚ ਅਜ਼ਮਾਇਸ਼ ਵੇਲੇ ਯਿਸੂ ਨੇ ਸ਼ੈਤਾਨ ਨਾਲ ਬਹਿਸ ਵਿਚ ਜਿੱਤ ਹਾਸਲ ਕੀਤੀ, ਗਤਸਮਨੀ ਵਿਚ ਵੀ ਉਹਨੇ ਖ਼ਤਰਨਾਕ ਲੜਾਈ ਜਿੱਤੀ। ਸਲੀਬ 'ਤੇ ਉਹਨੇ ਆਪਣੀ ਸਭ ਤੋਂ ਵੱਡੀ ਫ਼ਤਹਿ ਪਾ ਲਈ ਸੀ। ਜਿਵੇਂ ਕਿ ਉਹਨੇ ਆਪੇ ਸਿਖਾਇਆ, ''ਜਿਸ ਕਿਸੇ ਨੇ ਆਪਣੀ ਜਾਨ ਲੱਭ ਲਈ ਉਹ ਉਸ ਨੂੰ ਗੁਆਵੇਗਾ ਅਤੇ ਜਿਸ ਕਿਸੇ ਨੇ ਮੇਰੇ ਲਈ ਆਪਣੀ ਜਾਨ ਗੁਆਈ ਹੈ ਉਹ ਉਸ ਨੂੰ ਲੱਭ ਲਵੇਗਾ'' (ਮੱਤੀ 10:39)। ਗਤਸਮਨੀ ਵਿਚ ਯਿਸੂ 'ਤੇ ਆਪਣੀ ਜਾਨ ਬਚਾਉਣ ਅਜ਼ਮਾਇਸ਼ ਆਈ ਸੀ, ਪਰ ਉਹਨੇ ਉਹਨੂੰ ਬਚਾਉਣ ਤੋਂ ਇਨਕਾਰ ਕਰ ਦਿੱਤਾ ਸੀ। ਇਸਦੀ ਥਾਂ ਉਹਨੇ ਸਾਡੇ ਲਈ ਸਲੀਬ ਉੱਤੇ ਆਪਣੀ ਜਾਨ ਗੁਆ ਦਿੱਤੀ।

ਮੇਰੀ ਬੇਨਤੀ ਹੈ ਕਿ ਤੁਸੀਂ ਇਸ ਵਿਚਾਰ ਨੂੰ ਸਾਂਭ ਕੇ ਰੱਖੋ। ਮੁਕਤੀ ਲਈ ਇਹ ਬੇਹੱਦ ਜ਼ਰੂਰੀ ਹੈ। ਜੇ ਯਿਸੂ ਸੱਚਮੁਚ ਵਿਚ ਮਨੁੱਖ ਨਹੀਂ ਸੀ, ਜੇ ਉਸਦਾ ਮਨੁੱਖ ਹੋਣਾ ਕਿਸੇ ਵੀ ਅਰਥ ਵਿਚ ਹਕੀਕਤ ਨਹੀਂ ਸੀ ਬਲਕਿ ਇਕ ਫ਼ਰੇਬ ਸੀ, ਜੇ ਇੰਜੀਲ ਦੀਆਂ ਕਿਤਾਬਾਂ ਵਿਚ ਵਿਖਾਇਆ ਗਿਆ ਆਦਮੀ ਇਸ ਧਰਤੀ ਦਾ ਨਹੀਂ, ਭਾਵ ਕੋਈ ਫ਼ਰਿਸ਼ਤਾ, ਮਨੁੱਖੀ ਰੂਪ ਵਿਚ ਦੇਵਤਾ ਸੀ ਤਾਂ ਮੁਕਤੀ ਦੀ ਸਾਰੀ ਸਿੱਖਿਆ ਬੇਕਾਰ ਹੋ ਜਾਂਦੀ ਹੈ। ਯਿਸੂ ਦੇ ਪੂਰੀ ਤਰ੍ਹਾਂ ਮਨੁੱਖ ਹੋਣ ਦੀ ਗੱਲ 'ਤੇ ਯਕੀਨ ਕਰੋ।[2]

---

ਟਿੱਪਣੀਆਂ

[1]*ਥਿਓਲੋਜਿਕਲ ਡਿਕਸ਼ਨਰੀ ਆਫ਼ ਦ ਨਿਊ ਟੈਸਟਾਮੈਂਟ,* ਸੰਪਾ., ਗਰਹਰਡ ਫ਼੍ਰੈਡਰਿਕ, ਅਨੁ. ਜਿਓਫ਼ਰੀ ਡਬਲਯੂ. ਬ੍ਰੋਮਿਲੇ (ਗ੍ਰੈਂਡ ਰੈਪਿਡਸ, ਮਿਸ਼ਿਗਨਃ ਵਿਲੀਅਮ ਬੀ. ਈਰਡਮੈਂਸ ਪਬਲਿਸ਼ਿੰਗ ਕੰ., 1974), 9:630 ਵਿਚ ਐਡਮੰਡ ਜੇਕਬ, ''*ਸਯੂਕ*।'' [2]ਜੇਮਸ ਐੱਸ. ਸਟਿਵਰਟ, *ਦ ਸਟ੍ਰੌਂਗ ਨੇਮ* (ਗ੍ਰੈਂਡ ਰੈਪਿਡਸ, ਮਿਸ਼ਿਗਨਃ ਬੇਕਰ, 1972), 76.